Copy

# ਪੰਜਾਬ ਸਕੂਲ ਸਿੱਖਿਆ ਬੋਰਡ

ਐਸ. ਏ. ਐਸ. ਨਗਰ (ਮੋਹਾਲੀ) - 160 062

# PUNJAB SCHOOL EDUCATION BOARD

S.A.S. Nagar (Mohali)-160 062

ਨੰਬਰ ..................

ਮਿਤੀ ..................

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਪੰਜਾਬ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਪੰਜਾਬ।

ਵਿਸ਼ਾ:- **ਅਕਾਦਮਿਕ ਸਾਲ 2019-20 ਲਈ ਸਕੂਲ ਦੇ ਵਿਦਿਆਰਥੀਆਂ ਨੂੰ ਅਕਾਦਮਿਕ ਸਾਲ 2018-19 ਵਿੱਚ ਮੁਹੱਈਆ ਕਰਵਾਈਆਂ ਗਈਆਂ ਪਾਠ- ਪੁਸਤਕਾਂ ਦਾ ਬੁੱਕ ਬੈਂਕ ਸਥਾਪਤ ਕਰਨ ਬਾਰੇ।**

ਹਵਾਲਾ:- ਮੀਮੋ ਨੰ:5/15/2017-5 ਸਿ-3 944724/1-3 ਮਿਤੀ 24-03-2017.

ਉਪਰੋਕਤ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ:-

1. ਅਕਾਦਮਿਕ ਸਾਲ 2018-19 ਤੋਂ ਸਕੂਲੀ ਵਿੱਦਿਆਰਥੀਆਂ ਨੂੰ ਸਰਵ ਸਿੱਖਿਆ ਅਭਿਆਨ ਤਹਿਤ ਦਿੱਤੀਆਂ ਸਮੂਹ ਪਾਠ-ਪੁਸਤਕਾਂ ਵਿੱਦਿਆਰਥੀਆਂ ਕੋਲੋਂ ਸਲਾਨਾ ਨਤੀਜਾ ਘੋਸ਼ਿਤ ਕਰਨ ਤੋਂ ਪਹਿਲਾਂ ਕਲਾਸ ਇੰਚਾਰਜ ਰਾਹੀਂ ਵਾਪਸ ਪ੍ਰਾਪਤ ਕਰਕੇ ਸਕੂਲ ਦੇ ਬੁੱਕ ਬੈਂਕ ਵਿੱਚ ਜਮ੍ਹਾਂ ਕਰਵਾਉਣ ਲਈ ਆਪਣੇ ਅਧੀਨ ਆਉਂਦੇ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ।
2. ਜਿਨ੍ਹਾਂ ਸਕੂਲਾਂ ਵਿੱਚ ਅਜੇ ਤੱਕ ਬੁੱਕ ਬੈਂਕ ਸਥਾਪਿਤ ਨਹੀਂ ਕੀਤਾ ਗਿਆ,ਉਹਨਾਂ ਸਕੂਲਾਂ ਨੂੰ ਵੀ ਬੁੱਕ ਬੈਂਕ ਸਥਾਪਿਤ ਕਰਨ ਸੰਬੰਧੀ ਲੋੜੀਂਦੇ ਆਦੇਸ਼ ਜਾਰੀ ਕੀਤੇ ਜਾਣ।
3. ਆਪਣੇ ਅਧੀਨ ਸਕੂਲ ਮੁਖੀਆਂ ਰਾਹੀਂ ਵਿਦਿਆਰਥੀਆਂ ਨੂੰ ਸਕੂਲ ਦੀ ਸਵੇਰ ਦੀ ਸਭਾ ਵਿੱਚ ਇਹ ਵੀ ਜਾਣੂ ਕਰਵਾਇਆ ਜਾਵੇ ਕਿ :-
   - ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਲੋਅ ਵਿੱਚ ਰਾਜ ਦੇ ਸਮੂਹ ਸਕੂਲਾਂ ਵਿੱਚ ਸੀ.ਸੀ.ਈ. ਸਕੀਮ ਅਧੀਨ ਨਿਰਧਾਰਿਤ ਪ੍ਰਤੀ ਵਿਸ਼ਾ 10 ਪ੍ਰਤੀਸ਼ਤ ਅੰਕਾਂ ਵਿੱਚੋਂ 1 ਅੰਕ ਬੁੱਕ ਬੈਂਕ ਵਿੱਚ ਯੋਗਦਾਨ/ਪੁਰਾਣੀਆਂ ਪਾਠ-ਪੁਸਤਕਾਂ ਦੀ ਸੰਭਾਲ ਲਈ ਦਿੱਤਾ ਗਿਆ ਹੈ ਅਤੇ ਇਹਨਾਂ ਅੰਕਾਂ ਨੂੰ ਵਧਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।
   - ਪੁਰਾਣੀਆਂ ਪਾਠ- ਪੁਸਤਕਾਂ ਦੀ ਸਾਂਭ-ਸੰਭਾਲ ਅਤੇ ਮੁੜ-ਵਰਤੋਂ ਨਾਲ ਨਵੀਆਂ ਪਾਠ-ਪੁਸਤਕਾਂ ਦੀ ਛਪਾਈ ਘਟੇਗੀ। ਇਸ ਦੀ ਲੋਅ ਵਿੱਚ ਪੇਪਰ ਦੀ ਘੱਟ ਵਰਤੋਂ ਭਾਵ ਦਰਖ਼ਤਾਂ ਦੀ ਘੱਟ ਕਟਾਈ ਹੋਵੇਗੀ ਜੋ ਸਿੱਧੇ ਤੌਰ 'ਤੇ ਵਾਤਾਵਰਨ ਦੀ ਸੰਭਾਲ ਵਿੱਚ ਯੋਗਦਾਨ ਪਾਵੇਗੀ ਅਤੇ ਕੌਮੀ ਵੀ ਨੁਕਸਾਨ ਘਟੇਗਾ।

- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਕਾਦਮਿਕ ਸਾਲ 2019-20 ਲਈ ਵਿੱਦਿਆਰਥੀਆਂ ਨੂੰ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਪਾਠ-ਪੁਸਤਕਾਂ ਬੋਰਡ ਦੇ ਵਾਟਰ ਮਾਰਕ ਲੋਗੋ ਸਹਿਤ, ਉੱਚ ਕੁਆਲਟੀ ਅਤੇ ਵਾਤਾਵਰਣ ਅਨੁਕੂਲ ਪੇਪਰ ਤੇ ਛਾਪੀਆਂ ਜਾ ਰਹੀਆਂ ਹਨ। ਜਿਸ ਕਰਕੇ ਵਿਦਿਆਰਥੀਆਂ ਲਈ ਆਪਣੀਆਂ ਪਾਠ-ਪੁਸਤਕਾਂ ਦੀ ਸਾਂਭ-ਸੰਭਾਲ ਕਰਨਾ ਸੌਖਾ ਹੋਵੇਗਾ ਅਤੇ ਫਰਜੀ ਪਾਠ-ਪੁਸਤਕਾਂ ਤੋਂ ਬਚਿਆ ਜਾ ਸਕੇਗਾ।

4. ਪੰਨਾ ਨੰ:1 ਤੇ ਦਰਜ ਲੜੀ ਨੰ:1 ਸਬੰਧੀ ਕਾਰਵਾਈ ਤੁਰੰਤ ਅਰੰਭਣ ਲਈ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਤਾਂ ਜੋ ਅਕਾਦਮਿਕ ਸਾਲ 2019-20 ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਬੁੱਕ ਬੈਂਕ ਦਾ ਲਾਭ ਪ੍ਰਾਪਤ ਹੋ ਸਕੇ।
5. ਭਵਿੱਖ ਵਿੱਚ ਬੁੱਕ ਬੈਂਕ ਵਿੱਚ ਇਕੱਤਰ ਹੋਈਆਂ ਪਾਠ-ਪੁਸਤਕਾਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖ ਕੇ ਹੀ ਨਵੇਂ ਸੈਸ਼ਨ ਲਈ ਪਾਠ- ਪੁਸਤਕਾਂ ਦੀ ਮੰਗ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜੀ ਜਾਵੇ।
6. ਉਪਰੋਕਤ ਅਨੁਸਾਰ ਕਾਰਵਾਈ ਕਰਨ ਉਪਰੰਤ ਰਿਪੋਰਟ ਬੋਰਡ ਨੂੰ ਭੇਜੀ ਜਾਵੇ।

ਵਾਇਸ ਚੇਅਰਮੈਨ

ਪੰਜਾਬ ਸਕੂਲ ਸਿੱਖਿਆ ਬੋਰਡ